ਅਮਰੀਕੀ ਸਿੱਖਿਆ ਵਿਭਾਗ
ਸੰਚਾਰ ਅਤੇ ਆਊਟਰੀਚ ਦਾ ਦਫਤਰ, ਪ੍ਰੈਸ ਦਫਤਰ
400 Maryland Ave., S.W.
Washington, D.C. 20202

ਰਿਲੀਜ਼ ਲਈ
ਅਕਤੂਬਰ 26, 2010
ਸੰਪਰਕ  ਲੋਕ ਮਸਲੇ
(202) 401-1576

ਉਤਪੀੜਨ ਮਾਰਗਦਰਸ਼ਨ ਯੋਜਨਾ ਸਥਾਨਕ ਅਤੇ ਕੇਂਦਰ ਸਰਕਾਰ ਦੀ ਜ਼ਿੰਮੇਵਾਰੀ ਰੂਪਰੇਖਾ ਪੇਸ਼ ਕਰਦੀ ਹੈ
ਵਾਈਟ ਹਾਊਸ ਅਗਲੇ ਸਾਲ ਦੇ ਸ਼ੁਰੂ ਵਿੱਚ ਧੱਕੇਸ਼ਾਹੀ ਤੇ ਸੰਮੇਲਨ ਆਯੋਜਿਤ ਕਰੇਗਾ

ਵਾਸ਼ਿੰਗਟਨ - ਜਦਕਿ ਵਿਦਿਆਰਥੀ ਧੱਕੇਸ਼ਾਹੀ ਨਾਲ ਰਾਸ਼ਟਰੀ ਸਿੱਖਿਆ ਪੱਖਪਾਤ ਵਿਰੋਧੀ ਕਾਨੂੰਨਾਂ ਦਾ ਉਲੰਘਣ ਕਰ ਸਕਦੇ ਹਨ, ਸਿੱਖਿਆ ਵਿਭਾਗ ਨੇ ਇਹ ਸਪੱਸ਼ਟ ਕਰਦੇ ਹੋਏ ਅੱਜ ਸਕੂਲਾਂ ਵਿੱਚ ਧੱਕੇਸ਼ਾਹੀ ਦਾ ਮੁਕਾਬਲਾ ਕਰਨ ਵਿੱਚ ਅਧਿਆਪਕਾਂ ਦੀ ਸਹਾਇਤਾ ਲਈ ਨਿਰਦੇਸ਼ ਜਾਰੀ ਕੀਤਾ।   ਅੱਜ ਜਾਰੀ ਕੀਤਾ ਗਿਆ ਨਿਰਦੇਸ਼ ਇਹ ਵੀ ਸਪੱਸ਼ਟ ਕਰਦਾ ਹੈ ਕਿ ਜਦੋਂ ਵਿਭਾਗ ਵੱਲੋਂ ਜਾਰੀ ਕੀਤੇ ਨਵੇਂ ਕਾਨੂੰਨ ਧਰਮ ਅਤੇ ਯੌਨ ਅਨੁਕੂਲਨ ਤੇ ਅਧਾਰਿਤ ਉਤਪੀੜਨ ਦੇ ਵਿਰੁੱਧ ਰੱਖਿਆ ਨਹੀਂ ਕਰਦੇ ਤਾਂ ਉਹ ਸਮਲਿੰਗੀ ਪੁਰਸ਼ਾਂ, ਸਮਲਿੰਗੀ ਔਰਤਾਂ, ਦੋਲਿੰਗੀ ਅਤੇ ਲਿੰਗਹੀਨ ਵਿਅਕਤੀਆਂ ਦੇ ਲਿੰਗ ਅਤੇ ਯੌਨ ਉਤਪੀੜਨ ਦੇ ਨਾਲ-ਨਾਲ ਸਾਂਝੀ ਜਾਤੀ ਵਿਸ਼ੇਸ਼ਤਾਵਾਂ ਦੇ ਅਧਾਰ ਤੇ ਧਾਰਮਿਕ ਸਮੂਹਾਂ ਦੇ ਮੈਂਬਰਾਂ ਦੇ ਉਤਪੀੜਨ ਦੇ ਵਿਰੁੱਧ ਰੱਖਿਆ ਕਰਦਾ ਹੈ।

ਨਿਰਦੇਸ਼, ਜੋ “ਪਿਆਰੇ ਸਹਾਇਕ” ਦੇ ਰੂਪ ਵਿੱਚ ਆਉਂਦਾ ਹੈ, ਇਹ ਇੱਕ  ਪੱਤਰ ਹੈ, ਜੋ ਸਕੂਲਾਂ, ਕਾਲਜਾਂ ਅਤੇ ਯੂਨੀਵਰਸਿਟੀਆਂ ਨੂੰ ਭੇਜਿਆ ਗਿਆ ਹੈ,  ਜੋ ਇੱਕ ਤੋਂ ਬਾਅਦ ਇੱਕ ਵਿਦਿਆਰਥੀ ਦੇ ਜਾਤੀ ਅਤੇ ਰਾਸ਼ਟਰੀ ਮੂਲ ਉਤਪੀੜਨ, ਯੌਨ ਅਤੇ ਲਿੰਗ-ਅਧਾਰਿਤ ਉਤਪੀੜਨ ਅਤੇ ਵਿਕਲਾਂਗਤਾ ਉਤਪੀੜਨ ਤੋਂ ਵਿਦਿਆਰਥੀਆਂ ਦੀ ਸੁਰੱਖਿਆ ਲਈ ਅਧਿਆਪਕਾਂ ਦੀਆਂ ਕਾਨੂੰਨੀ ਜ਼ਿੰਮੇਵਾਰੀਆਂ ਨੂੰ ਸਪੱਸ਼ਟ ਕਰਦਾ ਹੈ।   ਪੱਤਰ ਉਤਪੀੜਨ ਦੇ ਉਦਾਹਰਨ ਦਿੰਦਾ ਹੈ ਅਤੇ ਸਕੂਲ ਨੂੰ ਦੱਸਦਾ ਹੈ ਕਿ ਹਰੇਕ ਮਾਮਲੇ ਵਿੱਚ ਕਿਵੇਂ ਪ੍ਰਤੀਕ੍ਰਿਆ ਕਰਨੀ ਚਾਹੀਦੀ ਹੈ।

ਵਾਈਟ ਹਾਊਸ ਅਤੇ ਸਿੱਖਿਆ ਵਿਭਾਗ ਨੇ ਸਕੂਲਾਂ ਵਿੱਚ ਧੱਕੇਸ਼ਾਹੀ ਅਤੇ ਉਤਪੀੜਨ ਦਾ ਪਤਾ ਲਗਾਉਣ ਲਈ ਹੋਰ ਜਤਨਾਂ ਦੀ ਘੋਸ਼ਣਾ ਵੀ ਕੀਤੀ।    ਅਗਲੇ ਸਾਲ ਦੀ ਸ਼ੁਰੂਆਤ ਵਿੱਚ, ਵਾਈਟ ਹਾਊਸ ਧੱਕੇਸ਼ਾਹੀ ਅਤੇ ਉਤਪੀੜਨ ਨੂੰ ਰੋਕਣ ਲਈ ਜਾਣਕਾਰੀ ਵਧਾਉਣ ਅਤੇ ਜਵਾਨ ਵਿਅਕਤੀਆਂ, ਮਾਪਿਆਂ, ਅਧਿਆਪਕਾਂ, ਕੋਚਾਂ ਅਤੇ ਦੂਜੇ ਸਮਾਜਿਕ ਲੀਡਰਾਂ ਨੂੰ ਉਪਕਰਨਾਂ ਨਾਲ ਲੈਸ ਕਰਨ ਲਈ ਸੰਮੇਲਨ ਦੀ ਮੇਜਬਾਨੀ ਕਰੇਗਾ।    ਇਹ ਸੰਮੇਲਨ ਉਹਨਾਂ ਤਰੀਕਿਆਂ, ਜਿਹਨਾਂ ਵਿੱਚ

ਧੱਕੇਸ਼ਾਹੀ ਅਤੇ ਉਤਪੀੜਨ ਨੂੰ ਰੋਕਣ ਲਈ ਸਮੁਦਾਇ ਇਕੱਠੇ ਹੋ ਸਕਦੇ ਹਨ, ਤੇ ਸੰਵਾਦ ਕਾਇਮ ਕਰਨ ਲਈ ਅਮਰੀਕੀ ਸਿੱਖਿਆ ਵਿਭਾਗ ਅਤੇ ਹੋਰ ਰਾਸ਼ਟਰੀ ਏਜੰਸੀਆਂ ਵੱਲੋਂ ਕੀਤੇ ਗਏ ਜਤਨਾਂ ਤੇ ਅਧਾਰਿਤ ਹੋਵੇਗਾ।

"ਸਾਡੀ ਮਿਥਿਆ ਧਾਰਣਾ ਹੈ ਕਿ ਧੱਕੇਸ਼ਾਹੀ ਕੇਵਲ ਬੱਸ ਯਾਤਰਾ ਦਾ ਸਧਾਰਨ ਹਿੱਸਾ ਹੈ, ਜਾਂ ਅੱਗੇ ਵੱਧਣ ਦਾ ਇੱਕ ਲਾਜ਼ਮੀ ਹਿੱਸਾ ਹੈ। ਅਜਿਹਾ ਨਹੀਂ ਹੈ," ਰਾਸ਼ਟਰਪਤੀ ਓਬਾਮਾ ਨੇ ਕਿਹਾ। "ਇਹ ਯਕੀਨੀ ਬਣਾਉਣਾ ਸਾਡੀ ਜਿੰਮੇਵਾਰੀ ਹੈ ਕਿ ਸਾਡੇ ਸਕੂਲ ਸਾਡੇ ਸਾਰੇ ਬੱਚਿਆਂ ਲਈ ਸੁਰੱਖਿਅਤ ਹਨ। ਹਰੇਕ ਜਵਾਨ ਵਿਅਕਤੀ ਉਤਪੀੜਨ ਦੀ ਲਗਾਤਾਰ ਡਰ ਬਾਰੇ ਚਿੰਤਾ ਕੀਤੇ ਬਿਨਾਂ ਸਿੱਖਣ, ਅੱਗੇ ਵੱਧਣ ਅਤੇ ਆਪਣੀ ਯੋਗਤਾ ਹਾਸਿਲ ਕਰਨ ਦੇ ਮੌਕੇ ਦਾ ਹੱਕਦਾਰ ਹੈ।

"ਧੱਕੇਸ਼ਾਹੀ ਇੱਕ ਸਮੱਸਿਆ ਹੈ ਜੋ ਨਹੀਂ ਹੋਣੀ ਚਾਹੀਦੀ। ਕਿਸੇ ਨੂੰ ਵੀ ਕਦੇ ਸਕੂਲ ਵਿੱਚ ਕੇਵਲ ਇਸਲਈ ਉਤਪੀੜਿਤ ਅਤੇ ਅਸੁਰੱਖਿਅਤ ਮਹਿਸੂਸ ਨਹੀਂ ਕਰਨਾ ਚਾਹੀਦਾ ਕਿਉਂਕਿ ਉਹ ਦੂਜਿਆਂ ਤੋਂ ਭਿੰਨ ਕੰਮ ਕਰਦਾ ਹੈ ਜਾਂ ਵੱਖ ਸੋਚਦਾ ਹੈ ਜਾਂ ਅਲਗ ਕੱਪੜੇ ਪਾਉਂਦਾ ਹੈ," ਅਮਰੀਕੀ ਸਿੱਖਿਆ ਸਕੱਤਰ ਅਰਨੇ ਡੰਕਨ ਨੇ ਕਿਹਾ। "ਜੋ ਵੀ ਵਿਦਿਆਰਥੀ ਕਿਸੇ ਵੀ ਕਾਰਨ ਤੋਂ ਧਮਕਾਇਆ ਹੋਇਆ ਜਾਂ ਉਤਪੀੜਿਤ ਮਹਿਸੂਸ ਕਰਦਾ ਹੈ, ਕਿਰਪਾ ਕਰਕੇ ਇਹ ਜਾਣ ਲਓ ਕਿ ਤੁਸੀਂ ਇਕੱਲੇ ਨਹੀਂ ਹੋ। ਕਿਰਪਾ ਕਰਕੇ ਇਹ ਜਾਣ ਲਓ ਕਿ ਇੱਥੇ ਤੁਹਾਨੂੰ ਪਿਆਰ ਕਰਨ ਵਾਲੇ ਲੋਕ ਹਨ। ਅਤੇ ਕਿਰਪਾ ਕਰਕੇ ਇਹ ਜਾਣ ਲਓ ਕਿ ਅਸੀਂ ਤੁਹਾਡੀ ਰੱਖਿਆ ਕਰਾਂਗੇ," ਡੰਕਨ ਨੇ ਆਪਣੀ ਗੱਲ ਨੂੰ ਜਾਰੀ ਰੱਖਦੇ ਹੋਏ ਕਿਹਾ।

"ਜੇਕਰ ਵਿਦਿਆਰਥੀ ਧਮਕਾਏ ਹੋਏ ਜਾਂ ਉਤਪੀੜਿਤ ਮਹਿਸੂਸ ਕਰਦੇ ਹਨ ਤਾਂ ਉਹ ਪੜ੍ਹ ਨਹੀਂ ਸਕਦੇ," ਨਾਗਰਿਕ ਅਧਿਕਾਰਾਂ ਦੇ ਸਹਾਇਕ ਸਕੱਤਰ ਰੁਸਲਿਨ ਅਲੀ ਨੇ ਕਿਹਾ। "ਅਸੀਂ ਚਾਹੁੰਦੇ ਹਾਂ ਕਿ ਵਿਦਿਆਰਥੀ ਸੁਰੱਖਿਅਤ ਅਤੇ ਪੜ੍ਹਦੇ ਰਹਿਣ ਅਤੇ ਅੱਜ ਦਾ ਨਿਰਦੇਸ਼ ਅਜਿਹਾ ਕਰਨ ਵਿੱਚ ਸਾਡੀ ਸਹਾਇਤਾ ਕਰੇਗਾ।

ਅੱਜ ਦੇ ਨਿਰਦੇਸ਼ ਨੂੰ ਜਾਰੀ ਕਰਨ ਤੋਂ ਬਾਅਦ, ਵਿਭਾਗ ਨੇ ਅਧਿਆਪਕਾਂ ਨੂੰ ਉਹਨਾਂ ਦੀਆਂ ਜਿੰਮੇਵਾਰੀਆਂ ਅਤੇ ਤੁਰੰਤ ਅਤੇ ਪ੍ਰਭਾਵਸ਼ਾਲੀ ਕਾਰਵਾਈਆਂ ਲਈ ਉਪਲਬਧ ਸਾਧਨਾਂ ਨੂੰ ਬੇਹਤਰ ਢੰਗ ਨਾਲ ਸਮਝਣ ਵਿੱਚ ਸਹਾਇਤਾ ਲਈ 2011 ਦੇ ਸ਼ੁਰੂ ਵਿੱਚ ਦੇਸ਼ਭਰ ਵਿੱਚ ਤਕਨੀਕੀ ਸਹਾਇਤਾ ਵਰਕਸ਼ਾਪ ਦਾ ਆਯੋਜਨ ਕਰਨ ਦੀ ਯੋਜਨਾ ਬਣਾਈ ਹੈ ਜੋ ਸਕੂਲਾਂ ਅਤੇ ਕਾਲਜਾਂ ਵਿੱਚ ਉਤਪੀੜਨ ਅਤੇ ਧੱਕੇਸ਼ਾਹੀ ਨੂੰ ਸਮਾਪਤ ਕਰੇਗੀ।

ਅੱਜ ਜਾਰੀ ਕੀਤਾ ਗਿਆ ਨਿਰਦੇਸ਼ ਧੱਕੇਸ਼ਾਹੀ ਨੂੰ ਸਮਾਪਤ ਕਰਨ ਲਈ ਸਿੱਖਿਆ ਵਿਭਾਗ ਦੇ ਵਿਆਪਕ ਦ੍ਰਿਸ਼ਟੀਕੋਣ ਵਿੱਚ ਕਈ ਜਤਨਾਂ ਵਿੱਚੋਂ ਇੱਕ ਹੈ। 2009 ਵਿੱਚ, ਵਿਭਾਗ ਨੇ ਧੱਕੇਸ਼ਾਹੀ ਤੇ ਓਬਾਮਾ ਪ੍ਰਸ਼ਾਸਨ ਅੰਤਰ-ਏਜੰਸੀ ਕਾਰਜ ਬਲ ਬਣਾਉਣ ਲਈ ਰੱਖਿਆ, ਨਿਆਂ, ਸਿਹਤ ਅਤੇ ਮਨੁੱਖੀ ਸੇਵਾਵਾਂ, ਖੇਤੀ ਅਤੇ ਆਂਤਰਿਕ ਵਿਭਾਗਾਂ ਨੂੰ ਸ਼ਾਮਿਲ ਕੀਤਾ। ਇਸ ਸਾਲ ਦੇ ਅਗਸਤ ਮਹੀਨੇ ਵਿੱਚ, ਓਬਾਮਾ ਪ੍ਰਸ਼ਾਸਨ ਨੇ ਧੱਕੇਸ਼ਾਹੀ ਤੇ ਸਭ ਤੋਂ ਪਹਿਲਾ ਰਾਸ਼ਟਰੀ ਪੱਧਰ ਤੇ ਸੰਮੇਲਨ ਦਾ ਆਯੋਜਨ ਕੀਤਾ ਅਤੇ ਸਟੋਪ ਬੁਲੀਂਗ ਨਾਓ ਮੁਹਿੰਮ ਅਤੇ ਪ੍ਰਭਾਵਸ਼ਾਲੀ ਧੱਕੇਸ਼ਾਹੀ ਵਿਰੋਧੀ ਕਾਰਜਕਰਮਾਂ ਦਾ ਰਾਸ਼ਟਰੀ ਡੇਟਾਬੇਸ www.bullyinginfo.org ਦੋਵੇਂ ਸ਼ੁਰੂ ਕੀਤੇ।

ਓਸੀਆਰ ਅਤੇ ਪੱਖਪਾਤ ਵਿਰੋਧੀ ਕਾਨੂੰਨਾਂ, ਜੋ ਇਹ ਲਾਗੂ ਕਰਦਾ ਹੈ, ਦੇ ਬਾਰੇ ਵਿੱਚ ਵਧੇਰੇ ਜਾਣਕਾਰੀ ਲਈ ਕਿਰਪਾ ਕਰਕੇ http://www2.ed.gov/about/offices/list/ocr/aboutocr.html ਤੇ ਜਾਓ। "ਪਿਆਰੇ ਸਹਾਇਕ" ਪੱਤਰ ਦੀ ਸਮੀਖਿਆ ਲਈ, ਕਿਰਪਾ ਕਰਕੇ http://www2.ed.gov/about/offices/list/ocr/letters/colleague-201010.html ਤੇ ਜਾਓ।

###